ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਅੰਧ-ਵਿਸ਼ਵਾਸ ਦੇ ਸੱਭਿਆਚਾਰ ਦਾ ਵਿਕਲਪ

ਪੰਜਾਬ ਦੇ ਸਮਾਜਿਕ ਵਰਤਾਰੇ ਵਿਚ ਬਾਬਿਆਂ ਤੇ ਸੰਤਾਂ ਦੇ ਡੇਰੇ ਹੁਣ ਬੜੀ ਗਿਣਤੀ ਵਿਚ ਉਭਰ ਰਹੇ ਹਨ। ਰਤਵਾੜਾ ਸਾਹਿਬ ਵਾਲੇ ਸੰਤ, ਸੱਚੇ ਸੌਦੇ ਵਾਲੇ ਸੰਤ, ਨਾਨਕਸਰ ਵਾਲੇ ਸੰਤ, ਰਾਧਾ ਸਵਾਮੀ, ਨਿਰੰਕਾਰੀ ਕਿੰਨੇ, ਹੀ ਗੁਰੂ ਮੌਜੂਦ ਹਨ। ਉਹਨਾਂ ਦੇ ਵਰਦੀਧਾਰੀ ਵਲੰਟੀਅਰ ਚਿੱਟੇ ਦੁੱਧ ਚੋਲ੍ਹਿਆਂ ਵਾਲੇ, ਗੋਲ-ਗੋਲ ਪੱਗਾਂ ਵਾਲੇ ਉਹਨਾਂ ਦੇ ਪੈਰੋਕਾਰ ਮੌਜੂਦ ਹਨ। ਥਾਂ-ਥਾਂ ਤੇ ਰੂਹਾਨੀ ਦਰਬਾਰ, ਗੁਰਮਤਿ ਸਤਿਸੰਗ ਲੱਗਦੇ ਹਨ। ਟਰੱਕਾਂ ਦੇ ਟਰੱਕ ਭਰਕੇ ਇਹਨਾਂ ਸਤਸੰਗਾਂ ਤੇ ਜਾਂਦੇ ਹਨ। ਟਰੱਕਾਂ ਉੱਤੇ ਫੱਟੇ ਫਿਟ ਕਰਕੇ ਉਹਨਾਂ ਦੇ ਦੋ ਹਿੱਸੇ ਬਣ ਜਾਂਦੇ ਹਨ। ਹੇਠਲੇ ਹਿੱਸੇ ਵਿਚ ਔਰਤਾਂ ਤੇ ਬੱਚੇ ਹਨ। ਉਤਲੇ ਹਿੱਸੇ ਵਿਚ ਮਰਦ ਹਨ। ਇਕ-ਇੱਕ ਟਰੱਕ ਵਿਚ ਸੱਠ-ਸੱਠ ਬੰਦੇ ਹੁੰਦੇ ਹਨ। ਉਹਨਾਂ ਦੇ ਚਿਹਰਿਆਂ ਦੇ ਪ੍ਰਭਾਵ ਹੀ ਦੱਸਦੇ ਹਨ ਕਿ ਇਹ ਬੰਦੇ ਅੰਧ-ਵਿਸ਼ਵਾਸੀ ਹਨ ਅਤੇ ਸ਼ਰਧਾ ਦੇ ਵੱਸ ਬਾਬਿਆਂ ਦੇ ਦਰਸ਼ਨ ਲਈ ਜਾ ਰਹੇ ਹਨ। ਰੂਹਾਨੀ ਤ੍ਰਿਪਤੀ ਇਹਨਾਂ ਦਾ ਨਿਸ਼ਾਨਾ ਹੈ। ਇਹਨਾਂ ਵਾਸਤੇ ਰਸਤੇ ਵਿਚ ਇਹਨਾਂ ਦੇ ਗੁਰਭਾਈਆਂ ਵੱਲੋਂ ਲੰਗਰ ਦਾ ਇੰਤਜ਼ਾਮ ਹੈ। ਚਾਹ ਪ੍ਰਸ਼ਾਦੇ ਦੀ ਕੋਈ ਤਕਲੀਫ਼ ਨਹੀਂ। ਸਾਫ਼ ਹੈ ਕਿ ਇਹ ਸਾਰਾ ਵਰਤਾਰਾ ਉਸ ਸਮੁੱਚੀ ਲਹਿਰ ਦੇ ਵਿਰੁੱਧ ਭੁਗਤਦਾ ਹੈ, ਜੋ ਲਹਿਰ ਇਸ ਸਮਾਜ ਨੂੰ ਸਮਾਜਿਕ ਇਨਸਾਫ਼ ਵਾਲਾ ਸਮਾਜ ਬਣਨਾ ਦੇਖਣਾ ਚਾਹੁੰਦੀ ਹੈ।

ਇਸ ਵਰਤਾਰੇ ਬਾਰੇ ਜੇਕਰ ਕੋਈ ਗੱਲ ਹੋਵੇ ਤਾਂ ਝੱਟ ਕਿਸੇ ਨਾ ਕਿਸੇ ਸ਼ਰਧਾਲੂ ਵਲੋਂ ਟਿੱਪਣੀ ਆ ਜਾਂਦੀ ਹੈ ਕਿ ਜੇਕਰ ਇਹ ਲੋਕ ਆਪਣੀ ਸ਼ਰਧਾ ਨੂੰ ਪੂਰੀ ਕਰਨ ਲਈ ਇਹ ਸਾਰੀ ਤਕਲੀਫ਼ ਝੱਲਦੇ ਹਨ, ਗਰਮੀ-ਸਰਦੀ ਵਿਚ ਸਫ਼ਰ ਕਰਦੇ ਹਨ ਜਾਂ ਯਾਤਰਾ ਕਰਦੇ ਹਨ ਤਾਂ ਕਿਸੇ ਦੇ ਢਿੱਡ ਕਿਉਂ ਪੀੜ ਹੁੰਦੀ ਹੈ? ਇਸ ਟਿੱਪਣੀ ਦਾ ਜਵਾਬ ਹੈ ਕਿ ਇਹ ਪੀੜ ਹੋਣੀ ਹੀ ਚਾਹੀਦੀ ਹੈ, ਕਿਉਂਕਿ ਇਹ ਸਾਰਾ ਵਰਤਾਰਾ ਮਨੁੱਖ-ਦੋਖੀ ਸਿਸਟਮ ਨੂੰ ਚਲਦਾ ਰੱਖਣ ਵਿਚ ਸਹਾਈ ਹੈ ਅਤੇ ਚੰਗਾ ਸਮਾਜ ਬਨਾਉਣ ਲਈ ਇਸ ਵਰਤਾਰੇ ਵਿਰੁੱਧ ਥੋਿੱਜਕ ਸਟੈਂਡ ਲੈਣਾ ਜ਼ਰੂਰੀ ਹੈ। ਅੱਜ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹਦਾ ਵਿਕੱਲਪ ਕੀ ਏ? ਇਹਦਾ ਵਿਕੱਲਪ ਜਾਂ ਕਹਿ ਲਵੋ ਬਦਲ ਇਹ ਹੈ ਕਿ ਇਸਦੇ ਬਰਾਬਰ ਦੀ ਸਭਿਆਚਾਰਕ ਲਹਿਰ ਚਲਾਈ ਜਾਵੇ। ਰੂਹਾਨੀ ਦਰਬਾਰਾਂ ਦੇ ਮੁਕਾਬਲੇ ਵਿਚ ਵੱਡੇ ਇਨਕਲਾਬੀ ਸਭਿਆਚਾਰਕ ਮੇਲੇ ਕੀਤੇ ਜਾਣ। ਲੋਕਾਂ ਨੇ ਜੇ ਟਰੱਕਾਂ, ਟਰਾਲੀਆਂ ਤੇ ਆਉਣਾ ਹੈ ਤਾਂ ਉਹ ਇਹਨਾਂ ਸਭਿਆਚਾਰਕ ਮੇਲਿਆਂ ਤੇ ਆਉਣ। 28 ਸਤੰਬਰ 1998 ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ ਮੋਗੇ ਵਿਚ ਲੱਗਿਆ ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਮੇਲਾ ਇਹਦੀ ਮਿਸਾਲ ਹੈ। ਇਸ ਦਿਸ਼ਾ ਵਿਚ ਇਹ ਇੱਕ ਜ਼ਰੂਰੀ ਕਦਮ ਹੈ।

ਇਨਕਲਾਬੀ ਸਭਿਆਚਾਰਕ ਮੇਲਿਆਂ ਵਿਚ ਲੋਕਾਂ ਨੂੰ ਦੱਸਣਾ ਪਵੇਗਾ ਕਿ ਇਹ ਰੂਹਾਨੀ ਸਤਿਸੰਗ ਉਹਨਾਂ ਦੀ ਤਕਦੀਰ ਬਦਲਣ ਵਿਚ ਕੋਈ ਭੂਮਿਕਾ ਨਹੀਂ ਨਿਭਾ ਸਕਦੇ। ਇਸ ਸਮਾਜ ਦੇ ਰੱਜੇ-ਪੁੱਜੇ ਲੋਕ, ਦੂਜਿਆਂ ਦੀ ਮਿਹਨਤ ਲੁਟਣ ਵਾਲੇ ਲੋਕ ਤਾਂ ਇਹ ਚਾਹੁੰਦੇ ਹਨ ਕਿ ਸਾਧਾਰਨ ਲੋਕ ਗੱਪੀਗੋੜ ਵਿਚ ਪਏ ਰਹਿਣ। ਕੀਰਤਨ ਦਰਬਾਰਾਂ ਵਿਚ ਗੁਰੂਆਂ ਦੇ ਸਮਾਜਿਕ ਮਿਸ਼ਨ ਬਾਰੇ ਕੋਈ ਗੱਲ ਨਹੀਂ ਕੀਤੀ ਜਾਂਦੀ, ਗੁਰਬਾਣੀ ਵਿਚੋਂ ਵੀ ਉਹੀ ਸ਼ਬਦ ਚੁਣ-ਚੁਣ ਕੇ ਲੋਕਾਂ ਦੇ ਕੰਨੀ ਪਾਏ ਜਾਂਦੇ ਹਨ ਕਿ ਬੰਦਿਆ ਮਾਇਆ ਦਾ ਲੋਭ ਨਾ ਕਰ। ਸਬਰ ਸੰਤੋਖ ਨਾਲ ਜੀਣਾ ਸਿੱਖ। ਇਹਦੇ ਵਿਚ ਹੀ ਤੇਰੀ ਮੁਕਤੀ ਹੈ। ਗਰੀਬੀ ਨੂੰ ਭਾਣਾ ਮੰਨਕੇ ਇਸਨੂੰ ਕਬੂਲ ਕਰ। ਇਸ ਵਰਤਾਰੇ ਵਿਰੁੱਧ ਆਵਾਜ਼ ਬਹੁਤ ਵਾਰੀ ਇਸ ਲਈ ਨਹੀਂ ਉਠਾਈ ਜਾਂਦੀ ਕਿ ਲੋਕ ਕਿਧਰੇ ਇਹ ਨਾ ਕਹਿਣ ਕਿ ਇਹ ਧਰਮ ਵਿਰੁੱਧ ਪਰਚਾਰ ਹੈ। ਧਰਮ ਵਿਚ ਦਖ਼ਲ-ਅੰਦਾਜ਼ੀ ਹੈ। ਇਸ ਰਵੱਈਏ ਨੂੰ ਤਿਆਗਣਾ ਜ਼ਰੂਰੀ ਹੈ ਤੇ ਬੇਖੌਫ਼ ਹੋਕੇ ਕਹਿਣਾ ਬਣਦਾ ਹੈ ਕਿ ਇਸ ਨਾ-ਬਰਾਬਰੀ ਵਾਲੇ ਸਮਾਜ ਨੂੰ ਬਦਲਣਾ ਹੈ ਤੇ ਇਹਦੇ ਬਦਲਣ ਲਈ ਸਬਰ-ਸੰਤੋਖ ਦਾ ਸਿਧਾਂਤ ਕੰਮ ਨਹੀਂ ਆ ਸਕਦਾ।

ਕਲਚਰਲ ਫਰੰਟ ਨੂੰ ਤਰਜੀਹੀ ਫਰੰਟ ਬਨਾਉਣ ਦੀ ਲੋੜ ਹੈ। ਕਿਸਾਨਾਂ, ਮਜ਼ਦੂਰਾਂ ਦੇ ਸੰਘਰਸ਼ ਵੀ ਜ਼ਰੂਰੀ ਹਨ ਪਰ ਇਹਨਾਂ ਤੋਂ ਵੀ ਜ਼ਰੂਰੀ ਉਹਨਾਂ ਦੀ ਸੋਚ ਬਦਲਣ ਦਾ ਸੰਘਰਸ਼ ਹੈ। ਗਰੀਬ ਲੋਕਾਂ ਦੀ ਨਿਜਾਤ ਇਸ ਗਰੀਬ ਦੁਸ਼ਮਣ ਸਿਸਟਮ ਨੂੰ ਬਦਲਣ ਵਿਚ ਹੈ। ਇਹਦੇ ਲਈ ਇੱਕ ਇਰਾਦੇ ਦੀ ਲੋੜ ਹੈ ਤੇ ਇਹ ਇਰਾਦਾ ਰੂਹਾਨੀ ਸਤਿਸੰਗਾਂ ਨੇ ਨਹੀਂ ਦੇਣਾ, ਸਗੋਂ ਇਨਕਲਾਬੀ ਸਭਿਆਚਾਰਕ ਕਾਨਫਰੰਸਾਂ ਨੇ ਦੇਣਾ ਹੈ। ਸਭਿਆਚਾਰਕ ਜਾਗ੍ਰਿਤੀ ਨੇ ਮੁਹੱਈਆ ਕਰਨਾ ਹੈ।